ਪੰਜਾਬ ਸਕੂਲ ਸਿੱਖਿਆ ਬੋਰਡ

ਨਮੂਨੇ ਦਾ ਪ੍ਰਸ਼ਨ ਪੱਤਰ, ਮਾਰਚ 2020

ਜਮਾਤ: ਪੰਜਵੀਂ

ਪੰਜਾਬੀ (ਦੂਜੀ ਭਾਸ਼ਾ)

ਕੁੱਲ ਅੰਕ: 80

ਸਮਾਂ- ਤਿੰਨ ਘੰਟੇ

ਪ੍ਰਸ਼ਨ-1. ਹੇਠ ਲਿਖੇ ਪੈਰ੍ਹੇ ਨੂੰ ਪੜ੍ਹ ਕੇ ਅੱਗੇ ਦਿੱਤੇ ਪ੍ਰਸ਼ਨਾਂ ਦੇ ਉੱਤਰ ਦਿਓ:

ਸ ਦੀ ਮਾਈ ਮਸਕਰਾ ਪਈ। ਆਪਣੀ ਡੰਗੋਰੀ ਉਤਾਂਹ ਚੁੱਕ ਕੇ ਉਹ ਬੋਲੀ, 'ਮਾਹ ਅਗਲ ਚੱਕੀ ਘਟ ਤੇਨੂੰ ਕਿਧਨ ਵੀ ਬਾਲਣ ਨਹੀਂ ਮਿਲਣਾ।'

ਬਦੀ ਦਾ ਬੋਲ ਪੂਰ ਹੋਦੇ ਹੀ ਸਨ ਪਰ ਸ਼ਹਿਰੀ ਬੰਦਾ ਨੂੰ ਵਿਸ਼ਵਾਸ ਨਾ ਆਇਆ। ਉਸ ਨ ਸੋਚਿਆ, 'ਬੁੱਢੀ ਝੱਲੀ ਹ ਗਈ ਪ। ਪੈਰ ਅਗ ਲੋਣ ਅਗਲ ਘਰ ਚਲਾ ਗਿਆ ਪਰ ਉਸ ਨ ਵੇਖਿਆ ਕਿ ਉਸ ਘਰ ਵਿੱਚ ਬਾਲਣ ਮੁੱਕਿਆ ਹੋਇਆ ਸੀ।

ਸ਼ਹਿਰੀ ਬੰਦਾ ਉਸ ਪਿਛੋਂ ਘਰ- ਘਰ ਫਿਰਿਆ ਪਰ ਸਾਰ ਲੋਕ ਹੀ ਬਾਲਣ ਮੁੱਕਣ ਦੀ ਸ਼ਿਕਾਇਤ ਕਰ ਰਹ ਸਨ। ਕਿਸ ਦ ਘਰ ਚਾਹ ਪਾਣੀ ਨਹੀਂ ਸੀ ਬਣਿਆ। ਰੋਟੀ ਨਹੀਂ ਸੀ ਪੱਕੀ। ਕੁੱਖ ਨਿਆਣ ਵਿਹੜਿਆਂ ਵਿੱਚ ਵਿਲਕਦੇ ਫਿਰਦੇ ਸਨ।

ਤਦ ਸ਼ਹਿਰੀ ਬੰਦ ਨੂੰ ਵਿਸ਼ਵਾਸ ਹ ਗਿਆ ਕਿ ਉਸ ਬੁੱਢੀ ਦੇ ਬੋਲ ਸੱਚ-ਮੁੱਚ ਪੂਰ ਹ ਗਏ ਨ। ਫਿਰ ਉਸ ਨ ਸੋਚਿਆ, ਹ ਸਕਦਾ ਏ ਬਾਲਣ ਏਸ ਪਿੰਡ ਵਿੱਚ ਹੀ ਮੁੱਕਿਆ ਹਵ। ਸ਼ਹਿਰ ਚੱਲਦ ਹਾਂ, ਉੱਥੇ ਤਾਂ ਬਾਲਣ ਦੀ ਥਾ ਕੋਲਾ, ਮਿੱਟੀ ਦਾ ਤੇਲ, ਗੋਸ ਤ ਬਿਜਲੀ ਵਰਤੀ ਜਾਂਦੀ ਹ। ਉਹ ਜਦੋਂ ਪਿੰਡੋਂ ਬਾਹਰ ਆਇਆ ਤਾਂ ਸੜਕ ਉੱਤੇ ਇੱਕ ਬੱਸ ਖਲੋਤੀ ਸੀ। ਉਸ ਦ ਆਲ੍ਹ - ਦੁਆਲ੍ਹ ਚਾਲੀ - ਪੰਜਾਹ ਬੰਦ ਇੱਕਠ ਹੋਏ ਖੜ੍ਹ ਸਨ। ਸ਼ਹਿਰੀ ਨ ਸੋਚਿਆ, ਇਹ ਵੀ ਚੰਗਾ ਹੋਇਆ। ਉਹ ਬੱਸ ਉੱਤੇ ਛੇਤੀ ਹੀ ਸ਼ਹਿਰ ਪਹੁੰਚ ਜਾਵਗਾ। ਬੱਸ ਦ ਕੋਲ ਆਇਆ ਤਾਂ ਪਤਾ ਲੱਗਿਆ ਕਿ ਉਹ ਖ਼ਰਾਬ ਹੈ। ਉਸ ਨ ਭੀੜ ਵਿੱਚ ਘਿਰ ਹੋਏ ਬੱਸ ਦ ਡ੍ਰਾਈਵਰ ਨੂੰ ਪੁੱਛਿਆ, 'ਕੀ ਖ਼ਰਾਬੀ ਹ ਗਈ, ਭਰਾਵਾ?'

(i) ਬੁੱਢੀ ਮਾਈ ਆਪਣੀ ਡੰਗੋਰੀ ਉਤਾਂਹ ਚੁੱਕ ਕੇ ਕੀ ਬੋਲੀ ?

(ii) ਸ਼ਹਿਰੀ ਬੰਦੇ ਨੇ ਕੀ ਸੋਚਿਆ ?

(iii) ਸਾਰੇ ਲੋਕ ਕੀ ਸ਼ਿਕਾਇਤ ਕਰ ਰਹੇ ਸਨ ?

(iv) ਸ਼ਹਿਰ ਬਾਲਣ ਦੀ ਹੋਰ ਕੀ-ਕੀ ਵਰਤਿਆ ਜਾਂਦਾ ਹੈ ?

(v) ਬੱਸ ਕੋਲ ਆ ਕੇ ਸ਼ਹਿਰੀ ਨੂੰ ਕੀ ਪਤਾ ਲੱਗਿਆ ?

5X2=10

ਪ੍ਰਸ਼ਨ-2.ਹੇਠ ਲਿਖੇ ਪ੍ਰਸ਼ਨਾਂ ਹੇਠਾਂ ਦਿੱਤੇ ਵਿਕਲਪਾਂ ਵਿੱਚੋਂ ਸਹੀ ਉੱਤਰ ਚੁਣ ਕੇ ਲਿਖੋ:

(i) 'ਸਾਡਾ ਦੇਸ ਮਹਾਨ' ਕਵਿਤਾ ਵਿੱਚ ਕਿਸ ਦੇਸ ਨੂੰ ਮਹਾਨ ਕਿਹਾ ਗਿਆ ਹੈ ?

1. ਪੰਜਾਬ 2. ਗੁਜਰਾਤ 3. ਭਾਰਤ 4. ਉੜੀਸਾ

(ii) ਹੈਰੀ ਦੇ ਮਾਮਾ ਜੀ ਕੀ ਕੰਮ ਕਰਦੇ ਸਨ ?

1. ਡਾਕਟਰ 2. ਸ਼ਿਕਾਰੀ 3. ਕਿਸਾਨ 4. ਵਪਾਰੀ

(iii) ਕਿੱਕਲੀ ..... ਦੀਆਂ ਕੁੜੀਆਂ ਦੀ ਹਰਮਨ ਪਿਆਰੀ ਖੇਡ ਕਿਹੜੀ ਹੈ ।

1. ਉੱਤਰ-ਪ੍ਰਦੇਸ 2. ਰਾਜਸਥਾਨ 3. ਪੰਜਾਬ 4. ਤਾਮਿਲਨਾਡੂ

(iv) 'ਕੌਮ ਦੀ ਸੇਵਾਦਾਰ' ਕਵਿਤਾ ਵਿੱਚ ਕੌਮ ਦੀ ਸੇਵਾਦਾਰ ਕਿਸ ਨੂੰ ਕਿਹਾ ਗਿਆ ਹੈ ?

1. ਡਾਕਟਰਨੀ 2. ਅਧਿਆਪਕਾ 3. ਗੁਆਂਢਣ 4. ਨਰਸ

(v) ਗੁਲਾਬ ਦਾ ਪੈਦਾ ਕਿੰਨੇ ਦਿਨਾਂ ਤੋਂ ਬਿਮਾਰ ਸੀ ?

1. ਇੱਕ-ਦੋ 2. ਦੋ-ਤਿੰਨ 3. ਤਿੰਨ-ਚਾਰ 4. ਚਾਰ-ਪੰਜ

(vi) ਨਿੰਮੀ ਨੂੰ ਗੀਟੇ ਖੇਡਣ ਲਈ ਕਿਸ ਨੇ ਬੁਲਾਇਆ ਸੀ ?

1. ਪੰਮੀ ਨੇ 2. ਨਿੰਮੀ ਦੀ ਮਾਤਾ ਜੀ ਨੇ 3. ਨਿੰਮੀ ਦੀ ਆਂਟੀ ਨੇ 4. ਪਵਿੱਤਰ ਨੇ

(vii) ਗੁਰੂ ਤੇਗ ਬਹਾਦਰ ਜੀ ਸਿੱਖਾਂ ਦੇ ਕਿੰਨਵੇਂ ਗੁਰੂ ਸਨ ?

1. ਪਹਿਲੇ 2. ਪੰਜਵੇਂ 3. ਨੌਵੇਂ 4. ਦਸਵੇਂ

(viii) 'ਚੰਦਰੀ ਲੂੰਬੜੀ' ਕਿਹੜੇ ਜੰਗਲ ਵਿੱਚ ਰਹਿੰਦੀ ਸੀ ?

1. ਬਾਹਰਲੇ 2. ਅੰਦਰਲੇ 3. ਪਹਾੜੀ 4. ਸੰਘਣੇ

(ix) ਮਾਤਾ ਗੁਜਰੀ ਜੀ ਤੇ ਸਾਹਿਬਜ਼ਾਦਿਆਂ ਨੂੰ ਕਿਸ ਜਗ੍ਹਾ ਕੈਦ ਕਰਕੇ ਰੱਖਿਆ ਗਿਆ ?

1. ਮੋਰਿੰਡੇ ਦੇ ਥਾਣੇ 'ਚ 2. ਸਰਹਿੰਦ ਦੇ ਕਿਲ੍ਹੇ 'ਚ 3. ਸਰਹਿੰਦ ਦੇ ਠੰਢੇ ਬੁਰਜ 'ਚ

4. ਅਨੰਦਪੁਰ ਸਾਹਿਬ ਦੇ ਕਿਲ੍ਹੇ 'ਚ

(x) ਰਵੀ ਕਿਸ ਪ੍ਰਾਂਤ ਦਾ ਵਸਨੀਕ ਸੀ ?

1. ਹਰਿਆਣਾ 2. ਬੰਗਾਲ 3. ਪੰਜਾਬ 4. ਜੰਮੂ ਅਤੇ ਕਸ਼ਮੀਰ

(xi) ਉੱਡਣਾ ਸਿੱਖ-ਮਿਲਖਾ ਸਿੰਘ ਕੀ ਹੈ ?

1. ਕਬੱਡੀ-ਖਿਡਾਰੀ 2. ਮੁੱਕੇਬਾਜ਼ 3. ਪਹਿਲਵਾਨ 4. ਦੌੜਾਕ

(xii) ਸਤਨਾਮ ਦੇ ਪਾਪਾ ਅਤੇ ਸ਼ੈਂਟੀ ਦੇ ਡੈਡੀ ..... ਸਨ ।

1. ਦੋਸਤ 2. ਚਚੇਰੇ ਭਰਾ 3. ਸਕੇ ਭਰਾ 4. ਪੱਕੇ ਦੁਸ਼ਮਣ

12X1 =12

ਪ੍ਰਸ਼ਨ-3.ਹੇਠ ਲਿਖੇ ਪ੍ਰਸ਼ਨਾਂ ਵਿੱਚੋਂ ਕਿਸੇ ਨੌਂ ਪ੍ਰਸ਼ਨਾਂ ਦੇ ਉੱਤਰ ਇੱਕ ਜਾਂ ਦੋ ਵਾਕਾਂ ਵਿੱਚ ਦਿਓ :

(i) 'ਸਾਡਾ ਦੇਸ ਮਹਾਨ' ਕਵਿਤਾ ਵਿੱਚ ਸਾਰੇ ਭਾਰਤਵਾਸੀਆਂ ਨੂੰ ਕਿਸ ਦੇ ਪੁੱਤਰ ਕਿਹਾ ਗਿਆ ਹੈ ?

(ii) ਹੈਰੀ ਦੇ ਘਰ ਦੇ ਚੜ੍ਹਦੇ ਪਾਸੇ ਵੱਲ ਕਿਹੜੀਆਂ ਪਹਾੜੀਆਂ ਸਨ ?

(iii) ਕਿਕਲੀ ਪਾਠ ਵਿੱਚ ਆਏ ਕਿਸੇ ਦੋ ਰਿਸ਼ਤਿਆਂ ਦੇ ਨਾਂ ਲਿਖੋ ।

(iv) ਨਾਨੀ ਜੀ ਨੇ ਨਵੀਨ ਨੂੰ ਕਿਨ੍ਹਾਂ ਦੀ ਕਹਾਣੀ ਸੁਣਾਈ ?

(v) ਸਤਨਾਮ ਨੂੰ ਪਾਪਾ ਦੀ ਕਹੀ ਕਿਹੜੀ ਗੱਲ ਸਮਝ ਆ ਗਈ ਸੀ ?

(vi) ਘੜੇ ਦਾ ਪਾਣੀ ਉੱਪਰ ਤਕ ਲਿਆਉਣ ਲਈ ਕਾਂ ਨੇ ਕਿਹੜੀ ਜੁਗਤ ਵਰਤੀ ?

(vii) ਬਾਲਣ ਮੁੱਕਣ ਨਾਲ ਆਵਾਜਾਈ ਦੇ ਕਿਹੜੇ-ਕਿਹੜੇ ਸਾਧਨ ਚੱਲਣੋਂ ਰੁਕ ਗਏ ਸਨ ?

(viii) ਸੁਹੇਲ ਨੇ ਮੂੰਗਫਲੀ ਦੀਆਂ ਗਿਰੀਆਂ ਕਿਸ-ਕਿਸ ਨੂੰ ਖਾਣ ਲਈਆਂ ਦਿੱਤੀਆਂ ?

(ix) ਕਈ ਵਾਰ ਜ਼ਰੂਰੀ ਚਿੱਠੀਆਂ ਆਪਣੇ ਟਿਕਾਣੇ 'ਤੇ ਕਿਉਂ ਨਹੀਂ ਪਹੁੰਚਦੀਆਂ ?

(x) ਕਸ਼ਮੀਰ ਦੇ ਪੰਡਤ ਕਿਹੜੀ ਗੱਲੋਂ ਦੁਖੀ ਸਨ ?

(xi) ਖ਼ਰਗੋਸ਼ਾਂ ਦੇ ਗੁੰਮ ਹੋਣ ਦਾ ਭੇਤ ਕਿਵੇਂ ਖੁੱਲ੍ਹਿਆ ?

9X2 = 18

ਪ੍ਰਸ਼ਨ-4.ਹੇਠ ਲਿਖਿਆਂ ਵਿੱਚੋਂ ਕਿਸੇ ਚਾਰ ਪੰਜਾਬੀ ਸ਼ਬਦਾਂ ਦੇ ਹਿੰਦੀ ਰੂਪ ਲਿਖੋ: 4X1 = 4

ਭਾਰਤ, ਉਹ, ਧਿਆਨ, ਪਾਣੀ, ਸੋਚਿਆ

ਪ੍ਰਸ਼ਨ-5.ਹੇਠ ਲਿਖਿਆਂ ਵਿੱਚੋਂ ਕਿਸੇ ਚਾਰ ਹਿੰਦੀ ਸ਼ਬਦਾਂ ਦੇ ਪੰਜਾਬੀ ਰੂਪ ਲਿਖੋ: 4X1=4

ਧੀਰੇ, ਫਿਰ, ਭਯ, ਜਾਨਵਰ, ਪ੍ਰੇਰਣਾ

ਪ੍ਰਸ਼ਨ-6.ਹੇਠ ਲਿਖੇ ਸ਼ਬਦਾਂ ਵਿੱਚੋਂ ਕਿਸੇ ਚਾਰ ਨੂੰ ਵਾਕਾਂ ਵਿੱਚ ਵਰਤੋ: 4X1=4

ਹਰਮਨ-ਪਿਆਰਾ, ਮਰੀਜ਼, ਮਿਹਨਤ, ਦਾਦੀ, ਮੁਕਾਬਲਾ

ਪ੍ਰਸ਼ਨ-7 .ਹੇਠਾਂ ਦਿੱਤੇ ਸ਼ਬਦਾਂ ਵਿੱਚੋਂ ਚੁਣ ਕੇ ਖਾਲੀ ਥਾਂਵਾਂ ਭਰੋ:

(ਧਰਮ, ਚਟਨੀ, ਜੰਗਲ, ਸੁੰਦਰ)

(i) ਸਾਹਿਬਜ਼ਾਦਿਆਂ ਨੂੰ ..... ਬਦਲਣ ਲਈ ਮਜ਼ਬੂਰ ਕੀਤਾ ਗਿਆ ।

(ii) ਲੂੰਬੜੀ ਦੇ ਮਰਨ ਦੀ ਖ਼ਬਰ ਸਾਰੇ ..... ਵਿੱਚ ਫੈਲ ਗਈ ।

(iii) ਜਿਹੜੀ ਲਿਖਾਈ ਸੁਖਾਲੀ ਪੜ੍ਹੀ ਜਾ ਸਕੇ, ਉਹ ..... ਹੁੰਦੀ ਹੈ ।

(iv) ਪੁਦੀਨੇ ਦੀ ..... ਬੜੀ ਵਧੀਆ ਬਣੀ ਏ । 4X1=4

ਪ੍ਰਸ਼ਨ-8. ਹੇਠ ਲਿਖਿਆਂ ਵਿੱਚੋਂ ਕਿਸੇ ਚਾਰ ਦੇ ਲਿੰਗ ਬਦਲੋ: 4 X1=4

ਮੁੰਡਾ, ਘੋੜਾ, ਚਾਚਾ, ਪਿਤਾ, ਬਾਂਦਰ, ਨਾਨਾ

ਪ੍ਰਸ਼ਨ-9. ਹੇਠ ਲਿਖਿਆਂ ਵਿੱਚੋਂ ਕਿਸੇ ਚਾਰ ਦੇ ਵਚਨ ਬਦਲੋ: 4X1=4

ਕਾਕਾ, ਲੜਕਾ, ਚਿੜੀ, ਪੁਸਤਕ, ਬਸਤਾ

ਪ੍ਰਸ਼ਨ-10. ਹੇਠ ਲਿਖਿਆਂ ਵਿੱਚੋਂ ਕਿਸੇ ਇੱਕ ਵਿਸ਼ੇ 'ਤੇ ਲੇਖ ਲਿਖੋ: 8X1=8

ਗਾ, ਮੇਰਾ ਸਕੂਲ, ਮੇਰੇ ਦਾਦਾ ਜੀ, ਮੇਰਾ ਮਿੱਤਰ

ਪ੍ਰਸ਼ਨ-11. ਆਪਣੇ ਸਕੂਲ ਦੇ ਮੁੱਖ-ਅਧਿਆਪਕ ਜੀ ਜ਼ਰੂਰੀ ਕੰਮ ਹੋਣ ਕਾਰਨ ਛੁੱਟੀ ਲੈਣ ਲਈ ਪੱਤਰ ਲਿਖੋ ।

ਜਾਂ

ਆਪਣੇ ਸਕੂਲ ਦੇ ਮੁੱਖ-ਅਧਿਆਪਕ ਜੀ ਬਿਮਾਰ ਹੋਣ ਕਾਰਨ ਛੁੱਟੀ ਲੈਣ ਲਈ ਪੱਤਰ ਲਿਖੋ । 8X1=8

ਨੋਟ: ਨਮੂਨੇ ਦਾ ਇਹ ਪ੍ਰਸ਼ਨ-ਪੱਤਰ ਕੇਵਲ ਵਿਦਿਆਰਥੀਆਂ ਤੇ ਅਧਿਆਪਕਾਂ ਦੇ ਪ੍ਰਸ਼ਨ-ਪੱਤਰ ਦਾ ਢੰਗ ਸਮਝਣ ਲਈ ਹੈ । ਸਲਾਨਾ ਪਰੀਖਿਆ ਵਿੱਚ ਪ੍ਰਸ਼ਨਾਂ ਵਿੱਚ ਕੁਝ ਵਿਭਿੰਨਤਾ ਹੋ ਸਕਦੀ ਹੈ ।